SOUTHWESTERN Public Health
Oxford • Elgin • St.Thomas

# ਕੀਟਾਣੂੰਨਾਸ਼ਕਤਾ ਚਾਰਟ

| ਕੀਟਾਣੂੰਨਾਸ਼ਕਤਾ ਦਾ ਪੱਧਰ | ਵਰਤੋਂ ਕਦੋਂ ਕਰਨੀ ਹੈ | ਕੀਟਾਣੂੰਨਾਸ਼ਕ ਵਿੱਚ ਕਿਰਿਆਸ਼ੀਲ ਤੱਤ | ਡੁਬੋਕੇ ਰੱਖਣ ਦਾ ਸੰਪਰਕ ਸਮਾਂ (ਲਗਭਗ) | ਫਾਇਦੇ | ਨੁਕਸਾਨ |
|---|---|---|---|---|---|
| **ਉੱਚ ਪੱਧਰ**<br>ਸਾਰੇ ਬੈਕਟੀਰੀਆ, ਉੱਲੀਆਂ ਅਤੇ ਵਾਇਰਸ ਨੂੰ ਮਾਰਦਾ ਹੈ। ਬੈਕਟੀਰੀਆ ਦੇ ਬੀਜਾਣੂਆਂ (spores) ਨੂੰ ਨਹੀਂ ਮਾਰਦਾ। | ਅਰਧ-ਅਹਿਮ ਵਸਤੂਆਂ ’ਤੇ ਵਰਤੋ। ਉਹ ਵਸਤੂਆਂ ਜੋ ਗੈਰ-ਸੁਰੱਖਿਅਤ ਚਮੜੀ ਜਾਂ ਲੇਸਦਾਰ ਝਿੱਲੀਆਂ ਦੇ ਸੰਪਰਕ ਵਿੱਚ ਆਉਂਦੀਆਂ ਹਨ ਪਰ ਚਮੜੀ ਵਿੱਚ ਪ੍ਰਵੇਸ਼ ਨਹੀਂ ਕਰਦੀਆਂ। | 1:10 ਕਲੋਰੀਨ ਬਲੀਚ ਘੋਲ‡ ( 1 ਹਿੱਸਾ ਬਲੀਚ ਅਤੇ 9 ਹਿੱਸੇ ਪਾਣੀ); 5,000 ਹਿੱਸੇ ਪ੍ਰਤੀ ਮਿਲੀਅਨ | 10 ਮਿੰਟ | ਸਸਤਾ, ਤੇਜ਼ੀ ਨਾਲ ਕਿਰਿਆ ਕਰਨ ਵਾਲਾ | ਧਾਤੂ ਲਈ ਬਹੁਤ ਹੀ ਖੋਰਕ; ਲੰਬੇ ਸਮੇਂ ਤੱਕ ਭਿਉਂਣ ਨਾਲ ਚਿਪਕਾਉਣ ਵਾਲੇ ਪਦਾਰਥਾਂ ਨੂੰ ਨਸ਼ਟ ਕਰ ਸਕਦਾ ਹੈ; ਘੋਲ਼ ਰੋਜ਼ਾਨਾ ਬਣਾਇਆ ਜਾਣਾ ਚਾਹੀਦਾ ਹੈ; ਜੈਵਿਕ ਸਮੱਗਰੀ ਦੁਆਰਾ ਅਕਿਰਿਆਸ਼ੀਲ ਹੋ ਜਾਂਦਾ ਹੈ |
| | | ≥ 6% ਹਾਈਡ੍ਰੋਜਨ ਪਰਆਕਸਾਈਡ (ਵਿਸਤਾਰ ਕੀਤੀ ਕਿਰਿਆ ਵਾਲਾ ਫਾਰਮੂਲਾ) | 20– 30 ਮਿੰਟ (ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ) | ਸਸਤਾ, ਤੇਜ਼ੀ ਨਾਲ ਕਿਰਿਆ ਕਰਨ ਵਾਲਾ, ਵਾਤਾਵਰਣ ਦੇ ਅਨੁਕੂਲ, ਕੋਈ ਰਹਿੰਦ-ਖੂੰਹਦ ਨਹੀਂ | ਇੱਕ ਠੰਡੀ ਜਗ੍ਹਾ ਵਿੱਚ ਸਟੋਰ ਕੀਤਾ ਜਾਵੇ; ਰੋਸ਼ਨੀ ਤੋਂ ਬਚਾਓ; ਆਕਸੀਡਾਈਜ਼ਿੰਗ ਵਿਸ਼ੇਸ਼ਤਾਵਾਂ ਕੁਝ ਸਾਜ਼ੋ-ਸਮਾਨ ਲਈ ਵਿਨਾਸ਼ਕਾਰੀ ਹੋ ਸਕਦੀਆਂ ਹਨ (ਪਿੱਤਲ, ਜ਼ਿੰਕ, ਤਾਂਬਾ, ਅਤੇ ਨਿਕਲ/ਚਾਂਦੀ) |
| | | 2% ਹਾਈਡ੍ਰੋਜਨ ਪਰਆਕਸਾਈਡ (ਵਿਸਤਾਰ ਕੀਤੀ ਕਿਰਿਆ ਵਾਲਾ ਫਾਰਮੂਲਾ) | 5– 8 ਮਿੰਟ (ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ) | ਸਸਤਾ, ਤੇਜ਼ੀ ਨਾਲ ਕਿਰਿਆ ਕਰਨ ਵਾਲਾ, ਵਾਤਾਵਰਣ ਲਈ ਅਨੁਕੂਲ, ਗੈਰ-ਜ਼ਹਿਰੀਲਾ, ਜੈਵਿਕ ਪਦਾਰਥਾਂ ਦੀ ਮੌਜੂਦਗੀ ਵਿੱਚ ਕਿਰਿਆਸ਼ੀਲ | ਕੁਝ ਸਾਜ਼ੋ-ਸਮਾਨ ਲਈ ਵਿਨਾਸ਼ਕਾਰੀ ਹੋ ਸਕਦਾ ਹੈ (ਤਾਂਬਾ, ਪਿੱਤਲ, ਕਾਰਬਨ ਦੀ ਨੋਕ ਵਾਲੀਆਂ ਡੀਵਾਈਸਾਂ, ਐਨੋਡਾਈਜ਼ਡ ਐਲੂਮੀਨੀਅਮ) |
| | | 0.55% ਆਰਥੋਓਫਥਲਐਲਡੀਹਾਈਡ | 10 ਮਿੰਟ (ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।) | ਤੇਜ਼ੀ ਨਾਲ ਕਿਰਿਆ ਕਰਨ ਵਾਲਾ, ਮਿਕਸ ਕਰਨ ਦੀ ਲੋੜ ਨਹੀਂ, ਜੈਵਿਕ ਪਦਾਰਥਾਂ ਦੀ ਮੌਜੂਦਗੀ ਵਿੱਚ ਕਿਰਿਆਸ਼ੀਲ | ਪ੍ਰੋਟੀਨ ’ਤੇ ਦਾਗ਼ ਪਾਉਂਦਾ ਹੈ |
| **ਮੱਧਵਰਤੀ ਪੱਧਰ**<br>ਬਨਸਪਤੀ ਬੈਕਟੀਰੀਆ, ਮਾਈਕੋਬੈਕਟੀਰੀਆ, ਜ਼ਿਆਦਾਤਰ ਵਾਇਰਸਾਂ ਅਤੇ ਜ਼ਿਆਦਾਤਰ ਉੱਲੀਆਂ ਨੂੰ ਨਸ਼ਟ ਕਰਦਾ ਹੈ ਪਰ ਬੈਕਟੀਰੀਆ ਦੇ ਸਪੋਰਾਂ ਨੂੰ ਨਹੀਂ। | ਗੈਰ-ਅਹਿਮ ਵਸਤੂਆਂ ’ਤੇ ਵਰਤੋ ਜਿਨ੍ਹਾਂ ਲਈ ਮੱਧਵਰਤੀ ਪੱਧਰ ਦੀ ਕੀਟਾਣੂੰਨਾਸ਼ਕਤਾ ਦੀ ਲੋੜ ਹੁੰਦੀ ਹੈ। | 1:50 ਕਲੋਰੀਨ ਬਲੀਚ ਘੋਲ‡ (1 ਹਿੱਸਾ ਬਲੀਚ ਅਤੇ 49 ਹਿੱਸੇ ਪਾਣੀ); 1,000 ਹਿੱਸੇ ਪ੍ਰਤੀ ਮਿਲੀਅਨ | 10 ਮਿੰਟ | ਸਸਤਾ; ਤੇਜ਼ੀ ਨਾਲ ਕਿਰਿਆ ਕਰਨ ਵਾਲਾ | ਧਾਤੂ ਨੂੰ ਖੋਰਦਾ ਹੈ; ਲੰਬੇ ਸਮੇਂ ਤੱਕ ਭਿਉਂਣ ਨਾਲ ਚਿਪਕਾਉਣ ਵਾਲੇ ਪਦਾਰਥਾਂ ਨੂੰ ਨਸ਼ਟ ਕਰ ਸਕਦਾ ਹੈ; ਘੋਲ਼ ਰੋਜ਼ਾਨਾ ਬਣਾਇਆ ਜਾਣਾ ਚਾਹੀਦਾ ਹੈ; ਜੈਵਿਕ ਸਮੱਗਰੀ ਦੁਆਰਾ ਅਕਿਰਿਆਸ਼ੀਲ ਹੋ ਜਾਂਦਾ ਹੈ |
| | | 70 - 90% ਈਥਾਈਲ ਜਾਂ ਆਈਸੋਪ੍ਰੋਪਾਈਲ ਅਲਕੋਹਲ | 10 ਮਿੰਟ | ਤੇਜ਼ੀ ਨਾਲ ਕਿਰਿਆ ਕਰਨ ਵਾਲਾ; ਕੋਈ ਰਹਿੰਦ-ਖੂੰਹਦ ਨਹੀਂ ਛੱਡਦਾ | ਰਬੜ ਅਤੇ ਪਲਾਸਟਿਕ ਨੂੰ ਨੁਕਸਾਨ ਪਹੁੰਚਾ ਸਕਦਾ ਹੈ; ਜਲਣਸ਼ੀਲ; ਤੇਜ਼ੀ ਨਾਲ ਵਾਸ਼ਪ ਬਣ ਜਾਂਦਾ ਹੈ |
| | | 0.5% ਹਾਈਡ੍ਰੋਜਨ ਪਰਆਕਸਾਈਡ (ਵਿਸਤਾਰ ਕੀਤੀ ਕਿਰਿਆ ਵਾਲਾ ਫਾਰਮੂਲਾ) ਤਪਦਿਕ (ਟੀਬੀ) ਜਾਂ ਮਾਈਕੋਬੈਕਟੀਰੀਆ ਦੇ ਵਿਰੁੱਧ ਪ੍ਰਭਾਵਸ਼ੀਲਤਾ ਦੇ ਦਾਅਵਿਆਂ ਦੇ ਨਾਲ | 3– 5 ਮਿੰਟ (ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ) | ਸਸਤਾ, ਤੇਜ਼ੀ ਨਾਲ ਕਿਰਿਆ ਕਰਨ ਵਾਲਾ, ਵਾਤਾਵਰਣ ਲਈ ਅਨੁਕੂਲ, ਗੈਰ-ਜ਼ਹਿਰੀਲਾ, ਜੈਵਿਕ ਪਦਾਰਥਾਂ ਦੀ ਮੌਜੂਦਗੀ ਵਿੱਚ ਕਿਰਿਆਸ਼ੀਲ; ਵਾਈਪ ਦੇ ਰੂਪ ਵਿੱਚ ਉਪਲਬਧ; ਸਾਫ਼ ਕਰਦਾ ਅਤੇ ਕੀਟਾਣੂੰ ਰਹਿਤ ਕਰਦਾ ਹੈ | ਕੁਝ ਸਾਜ਼ੋ-ਸਮਾਨ ਲਈ ਵਿਨਾਸ਼ਕਾਰੀ ਹੋ ਸਕਦਾ ਹੈ (ਤਾਂਬਾ, ਪਿੱਤਲ, ਕਾਰਬਨ ਦੀ ਨੋਕ ਵਾਲੀਆਂ ਡੀਵਾਈਸਾਂ, ਐਨੋਡਾਈਜ਼ਡ ਐਲੂਮੀਨੀਅਮ) |
| **ਨਿਮਨ ਪੱਧਰ**<br>ਬਨਸਪਤੀ ਬੈਕਟੀਰੀਆ ਅਤੇ ਕੁਝ ਉੱਲੀਆਂ ਅਤੇ ਵਾਇਰਸਾਂ ਨੂੰ ਨਸ਼ਟ ਕਰਦਾ ਹੈ ਪਰ ਮਾਈਕੋਬੈਕਟੀਰੀਆ ਜਾਂ ਸਪੋਰਾਂ ਨੂੰ ਨਹੀਂ। | ਗੈਰ-ਅਹਿਮ ਵਸਤੂਆਂ ’ਤੇ ਵਰਤੋ ਜਿਨ੍ਹਾਂ ਲਈ ਨਿਮਨ ਪੱਧਰ ਦੀ ਕੀਟਾਣੂੰਨਾਸ਼ਕਤਾ ਅਤੇ ਵਾਤਾਵਰਣਕ ਸਤਹਾਂ ਦੀ ਲੋੜ ਹੁੰਦੀ ਹੈ। | 1: 500 ਕਲੋਰੀਨ ਬਲੀਚ ਘੋਲ‡ (1 ਹਿੱਸਾ ਬਲੀਚ ਅਤੇ 499 ਹਿੱਸੇ ਪਾਣੀ); 100 ਹਿੱਸੇ ਪ੍ਰਤੀ ਮਿਲੀਅਨ | 10 ਮਿੰਟ | ਸਸਤਾ; ਤੇਜ਼ੀ ਨਾਲ ਕਿਰਿਆ ਕਰਨ ਵਾਲਾ | ਧਾਤੂ ਨੂੰ ਖੋਰਦਾ ਹੈ; ਲੰਬੇ ਸਮੇਂ ਤੱਕ ਭਿਉਂਣ ਨਾਲ ਚਿਪਕਾਉਣ ਵਾਲੇ ਪਦਾਰਥਾਂ ਨੂੰ ਨਸ਼ਟ ਕਰ ਸਕਦਾ ਹੈ; ਘੋਲ਼ ਰੋਜ਼ਾਨਾ ਬਣਾਇਆ ਜਾਣਾ ਚਾਹੀਦਾ ਹੈ |
| | | ਕੁਆਟਰਨਰੀ ਅਮੋਨੀਅਮ | 10 ਮਿੰਟ (ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ) | ਵਾਤਾਵਰਣਕ ਸਤਹਾਂ ਲਈ ਵਧੀਆ ਸਫਾਈ ਏਜੰਟ | ਤੰਗ ਮਾਈਕ੍ਰੋਬਾਇਓਸਾਈਡਲ ਸਪੈਕਟ੍ਰਮ ਦੇ ਕਾਰਨ ਕੀਟਾਣੂੰਨਾਸ਼ਕ ਵਜੋਂ ਸੀਮਤ ਵਰਤੋਂ; ਐਂਟੀਸੈਪਟਿਕ ਵਜੋਂ ਸਿਫਾਰਸ਼ ਨਹੀਂ ਕੀਤੀ ਜਾਂਦੀ |
| | | 3% ਹਾਈਡਰੋਜਨ ਪਰਆਕਸਾਈਡ | 10 ਮਿੰਟ | ਸਸਤਾ, ਤੇਜ਼ੀ ਨਾਲ ਕਿਰਿਆ ਕਰਨ ਵਾਲਾ, ਵਾਤਾਵਰਣ ਦੇ ਅਨੁਕੂਲ | ਆਕਸੀਡਾਈਜ਼ਿੰਗ ਵਿਸ਼ੇਸ਼ਤਾਵਾਂ ਕੁਝ ਸਾਜ਼ੋ-ਸਮਾਨ (ਪਿੱਤਲ, ਜ਼ਿੰਕ, ਤਾਂਬਾ, ਅਤੇ ਨਿਕਲ/ਚਾਂਦੀ) ਲਈ ਵਿਨਾਸ਼ਕਾਰੀ ਹੋ ਸਕਦੀਆਂ ਹਨ। |
| | | 0.5% ਹਾਈਡ੍ਰੋਜਨ ਪਰਆਕਸਾਈਡ (ਵਿਸਤਾਰ ਕੀਤੀ ਕਿਰਿਆ ਵਾਲਾ ਫਾਰਮੂਲਾ) | ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ | ਸਸਤਾ, ਤੇਜ਼ੀ ਨਾਲ ਕਿਰਿਆ ਕਰਨ ਵਾਲਾ, ਵਾਤਾਵਰਣ ਲਈ ਅਨੁਕੂਲ, ਗੈਰ-ਜ਼ਹਿਰੀਲਾ, ਜੈਵਿਕ ਪਦਾਰਥਾਂ ਦੀ ਮੌਜੂਦਗੀ ਵਿੱਚ ਕਿਰਿਆਸ਼ੀਲ; ਵਾਈਪ ਦੇ ਰੂਪ ਵਿੱਚ ਉਪਲਬਧ; ਸਾਫ਼ ਕਰਦਾ ਅਤੇ ਕੀਟਾਣੂੰ ਰਹਿਤ ਕਰਦਾ ਹੈ | ਕੁਝ ਸਾਜ਼ੋ-ਸਮਾਨ ਲਈ ਵਿਨਾਸ਼ਕਾਰੀ ਹੋ ਸਕਦਾ ਹੈ (ਤਾਂਬਾ, ਪਿੱਤਲ, ਕਾਰਬਨ ਦੀ ਨੋਕ ਵਾਲੀਆਂ ਡੀਵਾਈਸਾਂ ਅਤੇ ਐਨੋਡਾਈਜ਼ਡ ਐਲੂਮੀਨੀਅਮ) |
| | | ਫੀਨੋਲ | ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ | ਪ੍ਰਾਪਤ ਕਰਨ ਲਈ ਆਸਾਨ; ਸਾਫ਼ ਕਰਦਾ ਹੈ ਅਤੇ ਕੀਟਾਣੂੰ-ਮੁਕਤ ਕਰਦਾ ਹੈ | ਮੁਸਾਮਦਾਰ ਸਮੱਗਰੀ ’ਤੇ ਬਚੇ ਹੋਏ ਫੀਨੋਲ ਟਿਸ਼ੂ ਦੀ ਜਲਣ ਦਾ ਕਾਰਨ ਬਣ ਸਕਦੇ ਹਨ ਭਾਵੇਂ ਚੰਗੀ ਤਰ੍ਹਾਂ ਖੰਘਾਲਿਆ ਜਾਵੇ; ਸਿਰਫ਼ ਵਾਤਾਵਰਣਕ ਸਤਹਾਂ ਲਈ |

* ਬਲੀਚ ਘੋਲ ਦੀਆਂ ਇਹ ਸੰਘਣਤਾਵਾਂ (concentrations) 5.25% ਸੋਡੀਅਮ ਹਾਈਪੋਕਲੋਰਾਈਟ ਘੋਲ ਦੀ ਵਰਤੋਂ ’ਤੇ ਆਧਾਰਿਤ ਹਨ (ਕੀਟਾਣੂੰਨਾਸ਼ਕ ਲਈ ਬਲੀਚ ਘੋਲ ਦਾ ਮਿਸ਼ਰਣ ਦੇਖੋ)

ਕੀਟਾਣੂੰ-ਰਹਿਤ ਕਰਨ ਤੋਂ ਪਹਿਲਾਂ ਸਾਰੀਆਂ ਚੀਜ਼ਾਂ ਨੂੰ ਲਾਜ਼ਮੀ ਤੌਰ ’ਤੇ ਸਾਫ਼ ਤੌਲੀਏ ਨਾਲ ਸਾਫ਼ ਕਰਨਾ ਅਤੇ ਸੁਕਾਉਣਾ ਚਾਹੀਦਾ ਹੈ।

ਸਾਰੇ ਕੀਟਾਣੂੰਨਾਸ਼ਕ ਘੋਲ਼ ਰੋਜ਼ਾਨਾ ਤਾਜ਼ੇ ਜਾਂ ਨਿਰਮਾਤਾਵਾਂ ਵੱਲੋਂ ਦਿੱਤੇ ਵਿਵਰਣਾਂ ਦੇ ਅਨੁਸਾਰ ਬਣਾਏ ਜਾਣੇ ਚਾਹੀਦੇ ਹਨ।

ਵਰਤੋਂ ਲਈ ਨਿਰਮਾਤਾ ਦੀਆਂ ਸੁਰੱਖਿਆ ਹਿਦਾਇਤਾਂ ਅਤੇ ਨਿਰਦੇਸ਼ਾਂ ਦੀ ਪਾਲਣਾ ਕਰੋ।

ਇਸ ਚਾਰਟ ਦਾ ਉਦੇਸ਼ ਸਾਰੇ ਪ੍ਰਵਾਨਿਤ ਕੀਟਾਣੂੰਨਾਸ਼ਕਾਂ ਨੂੰ ਸ਼ਾਮਲ ਕਰਨਾ ਨਹੀਂ ਹੈ।